# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 07-10-2023**

- ਏਸ਼ੀਆਈ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਸਿਰਜਿਆ ਇਤਿਹਾਸ, 28 ਸੋਨ ਤਗਮਿਆਂ ਸਮੇਤ ਹੁਣ ਤਕ 107 ਤਗਮੇ ਹਾਸਲ ਕੀਤੇ।
- ਰਾਸ਼ਟਰਪਤੀ ਦਰੌਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਖੇਡ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ, ਸ਼ਾਨਦਾਰ ਪ੍ਰਦਰਸ਼ਨ ਲਈ ਖਿਡਾਰੀਆਂ ਨੂੰ ਦਿੱਤੀ ਵਧਾਈ।
- ਸਤਲੁਜ ਯਮੁਨਾ ਲਿੰਕ ਨਹਿਰ ਬਾਰੇ, ਪੰਜਾਬ ਸਰਕਾਰ ਦੇ ਸਟੈਂਡ ਖਿਲਾਫ ਪੰਜਾਬ BJP ਨੇ ਚੰਡੀਗੜ੍ਹ ਵਿਚ ਮੁਖ ਮੰਤਰੀ ਦੀ ਰਿਹਾਇਸ਼ ਵੱਲ ਕੀਤਾ ਰੋਸ ਮਾਰਚ।
- ਹਰਿਆਣਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਪੰਜਾਬ ਦੇ ਇਤਹਾਸਿਕ, ਪੌਰਾਣਿਕ, ਅਧਿਆਤਮਿਕ ਅਤੇ ਵਿਗਿਆਨਕ ਸਥਾਨਾਂ ਦਾ ਕਰ ਰਹੇ ਨੇ ਵਿਦਿਅਕ ਟੂਰ।

-----------------------------------------------------------

ਅੱਜ ਖ਼ਬਰਾਂ ਦੀ ਸ਼ੁਰੂਆਤ ਏਸ਼ੀਆਈ ਖੇਡਾਂ ਤੋਂ ਮਿਲੀਆਂ ਸ਼ਾਨਦਾਰ ਤੇ ਖੁਸ਼ੀ ਭਰੀਆਂ ਖ਼ਬਰਾਂ ਨਾਲ ਕਰਦੇ ਹਾਂ। ਏਸ਼ੀਆਈ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਇਸ ਵਾਰ ਇਕ ਇਤਿਹਾਸ ਸਿਰਜਿਆ ਏ। 74 ਸਾਲ ਦੇ ਏਸ਼ੀਆਈ ਖੇਡਾਂ ਦੇ ਸਫਰ ਵਿਚ ਭਾਰਤ ਨੇ ਤਮਗਾ ਸੂਚੀ ਵਿਚ ਪਹਿਲੀ ਵਾਰ 100 ਤਮਗਿਆਂ ਦਾ ਅੰਕੜਾ ਪਾਰ ਕੀਤਾ ਏ। ਅੱਜ 13 ਵੇਂ ਦਿਨ ਭਾਰਤ ਦੇ ਖਿਡਾਰੀਆਂ ਨੇ ਸੋਨੇ ਦੇ 6 ਤਮਗੇ ਹਾਸਲ ਕੀਤੇ। ਭਾਰਤ ਨੇ ਸੋਨੇ ਦੇ 28, ਚਾਂਦੀ ਦੇ 38 ਅਤੇ ਕਾਂਸੇ ਦੇ 41 ਤਗਮਿਆਂ ਨਾਲ ਕੁਲ 107 ਤਗਮੇ ਹਾਸਲ ਕੀਤੇ ਨੇ ਅਤੇ ਤਮਗਾ ਸੂਚੀ ਵਿਚ ਚੌਥੀ ਥਾਂ ਤੇ ਏ। ਤਾਜ਼ਾ ਸੋਨ ਤਮਗਾ ਮਰਦਾਂ ਦੀ ਕਬੱਡੀ ਟੀਮ ਨੇ ਜਿੱਤਿਆ, ਉਨ੍ਹਾਂ ਨੇ ਇਰਾਨ ਦੇ ਖਿਲਾਫ 33-29 ਨਾਲ ਤਮਗਾ ਜਿੱਤਿਆ। ਅਫਗਾਨਿਸਤਾਨ ਖਿਲਾਫ ਫਾਈਨਲ ਮੈਚ ਮੀਂਹ ਕਾਰਨ ਰੱਦ ਹੋਣ ਤੋਂ ਬਾਅਦ ਮਰਦਾਂ ਦੀ ਕ੍ਰਿਕਟ ਟੀਮ ਨੇ ਸੋਨ ਤਮਗਾ ਜਿੱਤਿਆ। ਭਾਰਤੀ ਮਰਦ ਅਤੇ ਮਹਿਲਾ ਸ਼ਤਰੰਜ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ। ਕੁਸ਼ਤੀ ਵਿੱਚ, ਦੀਪਕ ਪੂਨੀਆ ਨੇ ਪੁਰਸ਼ਾਂ ਦੇ 86 ਕਿਲੋਗ੍ਰਾਮ

ਫ੍ਰੀਸਟਾਈਲ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਮਹਿਲਾ ਹਾਕੀ ਟੀਮ ਨੇ ਜਾਪਾਨ ਨੂੰ 2-1 ਨਾਲ ਹਰਾ ਕੇ ਭਾਰਤ ਨੇ ਇਕ ਹੋਰ ਕਾਂਸੀ ਦਾ ਤਗਮਾ ਜਿੱਤਿਆ। ਚਿਰਾਗ ਸ਼ੈਟੀ ਅਤੇ ਸਾਤਵਿਕ ਸਾਈਰਾਜ ਰੰਕੀ-ਰੈੱਡੀ ਦੀ ਜੋੜੀ ਨੇ ਬੈਡਮਿੰਟਨ ਵਿੱਚ ਪੁਰਸ਼ ਡਬਲਜ਼ ਵਿੱਚ ਸੋਨ ਤਮਗਾ ਜਿੱਤਿਆ। ਇਹ ਪਹਿਲੀ ਵਾਰ ਏ ਜਦੋਂ ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਬੈਡਮਿੰਟਨ ਵਿੱਚ ਸੋਨ ਤਮਗਾ ਜਿੱਤਿਆ ਏ। ਉਨ੍ਹਾਂ ਨੇ ਦੱਖਣੀ ਕੋਰੀਆ ਦੇ ਚੋਈ ਸੋਲਗਯੂ ਅਤੇ ਕਿਮ ਵੋਨ-ਹੋ ਨੂੰ ਸਿੱਧੇ ਗੇਮਾਂ ਵਿੱਚ 21-18 ਅਤੇ 21-16 ਨਾਲ ਹਰਾਇਆ। ਹੋਰ ਸੋਨ ਤਮਗੇ ਔਰਤਾਂ ਦੀ ਕਬੱਡੀ ਅਤੇ ਪੁਰਸ਼ਾਂ ਦੇ ਵਿਅਕਤੀਗਤ ਤੀਰਅੰਦਾਜ਼ੀ ਕੰਪਾਊਂਡ ਮੁਕਾਬਲਿਆਂ ਵਿੱਚ ਜਿੱਤੇ ਗਏ।

---------------------------------------------------

ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਖੇਡ ਮੰਤਰੀ ਨੇ, 19ਵੀਆਂ ਏਸ਼ੀਆਈ ਖੇਡਾਂ 'ਚ 100 ਤਮਗੇ ਜਿੱਤਣ 'ਤੇ ਭਾਰਤੀ ਖਿਡਾਰੀਆਂ ਨੂੰ ਵਧਾਈ ਦਿੱਤੀ ਏ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੋਸ਼ਲ ਮੀਡੀਆ 'ਤੇ

ਇਕ ਪੋਸਟ 'ਚ ਉਨ੍ਹਾਂ ਕਿਹਾ ਕਿ ਭਾਰਤ ਨੇ ਏਸ਼ੀਆਈ ਖੇਡਾਂ 'ਚ ਪਹਿਲੀ ਵਾਰ 100 ਤਗਮੇ ਜਿੱਤ ਕੇ ਇਤਿਹਾਸ ਰਚਿਆ ਏ । ਰਾਸ਼ਟਰਪਤੀ ਨੇ ਕਿਹਾ ਕਿ ਖਿਡਾਰੀਆਂ ਨੇ ਮੁਕਾਬਲੇ ਦੌਰਾਨ ਆਪਣੀ ਪੂਰੀ ਸਮਰੱਥਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੇਸ਼ ਨੂੰ ਉਨ੍ਹਾਂ 'ਤੇ ਮਾਣ ਏ । ਰਾਸ਼ਟਰਪਤੀ ਮੁਰਮੂ ਨੇ ਉਮੀਦ ਪ੍ਰਗਟਾਈ ਕਿ ਇਹ ਖਿਡਾਰੀ, ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਏਸ਼ੀਆਈ ਖੇਡਾਂ ਵਿਚ 100 ਤਗਮੇ ਜਿੱਤਣ 'ਤੇ ਭਾਰਤੀ ਖਿਡਾਰੀਆਂ ਨੂੰ ਵਧਾਈ ਦਿੱਤੀ ਏ । ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ, ਉਨ੍ਹਾਂ ਨੇ ਕਿਹਾ ਕਿ ਏਸ਼ੀਆਈ ਖੇਡਾਂ 'ਚ ਭਾਰਤ ਲਈ ਇਹ ਯਾਦਗਾਰ ਪ੍ਰਾਪਤੀ ਏ । ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਰ ਦੇਸ਼ ਵਾਸੀ, 100 ਤਮਗਿਆਂ ਦੀ ਮਹੱਤਵਪੂਰਨ ਉਪਲਬਧੀ ਹਾਸਲ ਕਰਨ ਲਈ ਰੋਮਾਂਚਿਤ ਏ । ਕੇਂਦਰੀ ਖੇਡ ਤੇ ਯੂਵਾ ਮਾਮਲੇ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਏਸ਼ਿਆਈ ਖੇਡਾਂ ਵਿੱਚ 100 ਤਗ਼ਮੇ ਜਿੱਤਣ ਲਈ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ ਏ ।

---------------------------------------------------------------

ਏਸ਼ਿਆਈ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨੇ ਕਈ ਨਵੇਂ ਰਿਕਾਰਡ ਬਣਾਏ ਨੇ ਅਤੇ ਪੰਜਾਬ ਦੇ ਖਿਡਾਰੀਆਂ ਨੇ ਵੀ ਇਨ੍ਹਾਂ ਖੇਡਾਂ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ  ਕਈ ਤਗ਼ਮੇ ਜਿੱਤੇ ਨੇ। ਪੰਜਾਬ 'ਚ ਵੀ,  ਸੂਬੇ ਦੇ ਖਿਡਾਰੀਆਂ ਵਲੋਂ ਤਮਗੇ ਜਿੱਤੇ  ਜਾਣ 'ਤੇ  ਖ਼ੁਸ਼ੀ ਦੀ ਲਹਿਰ ਏ , ਹਰ ਕੋਈ ਇਨ੍ਹਾਂ ਖਿਡਾਰੀਆਂ 'ਤੇ ਮਾਣ ਮਹਿਸੂਸ ਕਰ ਰਿਹਾ ਏ। ਏਸ਼ੀਅਨ ਖੇਡਾਂ 'ਚ ਮੋਗਾ ਜ਼ਿਲ੍ਹੇ ਦੇ ਪਿੰਡ ਖੋਸਾ ਪਾਂਡੋ ਦੇ ਰਹਿਣ ਵਾਲੇ ਤਜਿੰਦਰ ਪਾਲ ਸਿੰਘ ਤੂਰ ਨੇ  ਪੁਰਸ਼ਾਂ ਦੇ ਸ਼ਾਟਪੁੱਟ ਫਾਈਨਲ ਵਿੱਚ 20.36 ਦਾ ਥਰੋਅ ਬਣਾ ਕੇ ਭਾਰਤ ਨੂੰ ਅਥਲੈਟਿਕਸ ਵਿੱਚ ਦੂਜਾ ਸੋਨ ਤਮਗਾ ਦਿਵਾਇਆ। ਉਧਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਕਸਬੇ ਦੀ ਵਸਨੀਕ ਐਥਲੀਟ ਹਰਮਿਲਨ ਬੈਂਸ ਨੇ ਏਸ਼ਿਆਈ ਖੇਡਾਂ ਵਿੱਚ ਔਰਤਾਂ ਦੀ 800 ਮੀਟਰ ਅਤੇ 1500 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਏ।

--------------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਗਲੇ 2 ਸਾਲਾਂ ਵਿੱਚ ਖੱਬੇ ਪੱਖੀ

ਕੱਟੜਵਾਦ ਦਾ ਸਫਾਇਆ ਕਰਨ ਦਾ ਅਹਿਦ ਲਿਆ ਏ । ਉਨਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਖੱਬੇ ਪੱਖੀ ਕੱਟੜਵਾਦ ਨੂੰ ਨੱਥ ਪਾਉਣ ਵਿੱਚ ਸਫਲਤਾ ਮਿਲੀ ਏ ਅਤੇ ਇਹ ਲੜਾਈ ਹੁਣ ਨਿਰਣਾਇਕ ਪੜਾਅ ਵਿੱਚ ਪਹੁੰਚ ਗਈ ਏ । ਅਮਿਤ ਸ਼ਾਹ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਖੱਬੇ ਪੱਖੀ ਅਤਿਵਾਦ ਬਾਰੇ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ । ਮੀਟਿੰਗ ਵਿੱਚ ਪ੍ਰਭਾਵਿਤ ਸੂਬਿਆਂ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਹੋਰ ਸਬੰਧਤ ਅਧਿਕਾਰੀਆਂ ਨੇ ਸ਼ਿਰਕਤ ਕੀਤੀ ।

-----------------------------------------------------

ਸਤਲੁਜ ਯਮੁਨਾ ਲਿੰਕ ਨਹਿਰ SYL ਦੇ ਮੁੱਦੇ ਤੇ ਪੰਜਾਬ BJP ਨੇ ਅੱਜ ਚੰਡੀਗੜ੍ਹ ਵਿਚ ਮੁਖ ਮੰਤਰੀ ਦੀ ਰਿਹਾਇਸ਼ ਵਲ ਕੂਚ ਕੀਤਾ। ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿਚ ਪਾਰਟੀ ਆਗੂ ਮੁਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵੱਲ ਰਵਾਨਾ ਹੋਏ, ਪਰ ਪੁਲਿਸ ਨੇ ਉਨਾਂ ਨੂੰ ਰਸਤੇ ਵਿਚ ਹੀ ਰੋਕ ਕੇ ਆਪਣੀ ਹਿਰਾਸਤ ਵਿਚ ਲੈ ਲਿਆ। ਕੇਂਦਰੀ ਵਣਜ ਤੇ ਸਨਅਤ ਰਾਜ ਮੰਤਰੀ ਸੋਮ ਪ੍ਰਕਾਸ਼, ਸਾਬਕਾ ਕੌਮੀ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ, ਰਾਕੇਸ਼ ਰਾਠੌਰ, ਵਿਜੇ ਸਾਂਪਲਾ ਅਤੇ ਕੋਰ ਕਮੇਟੀ ਦੇ ਹੋਰ ਮੈਂਬਰ, ਉਨਾਂ ਨਾਲ ਮੌਜੂਦ ਰਹੇ। ਸੁਨੀਲ ਜਾਖੜ ਨੇ

ਕਿਹਾ ਕਿ ਪੰਜਾਬ ਕੋਲ, ਕਿਸੇ ਵੀ ਸੂਬੇ ਨੂੰ ਦੇਣ ਲਈ, ਪਾਣੀ ਦੀ ਇਕ ਬੂੰਦ ਵੀ ਨਹੀਂ ਏ ਅਤੇ ਅਜਿਹਾ ਪਹਿਲੀ ਵਾਰ ਹੋਇਆ ਏ, ਕਿ ਸੱਤਾ ਵਿਚ ਆਉਣ ਤੇ ਕਿਸੇ ਪਾਰਟੀ ਨੇ ਕਿਹਾ ਹੋਵੇ, ਕਿ ਉਹ ਨਹਿਰ ਬਣਾਉਣਾ ਚਾਹੁੰਦੇ ਨੇ। ਉਨਾਂ ਕਿਹਾ ਕਿ ਪੰਜਾਬ ਦੇ ਲੋਕ ਇਸ ਤੇ ਸਰਕਾਰ ਦਾ ਜਵਾਬ ਚਾਹੁੰਦੇ ਨੇ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਦਾਖ਼ਲ ਜਵਾਬ ਮਗਰੋਂ ਸੂਬਾ ਸਰਕਾਰ ਦਾ ਦੋਹਰਾ ਚੇਹਰਾ ਸਾਰਿਆਂ ਸਾਹਮਣੇ ਆ ਗਿਆ ਏ। ਇਸ ਤੋਂ ਪਹਿਲਾਂ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਸਤਲੁਜ ਯਮੁਨਾ ਜੋੜ ਨਹਿਰ ਦੇ ਮੁੱਦੇ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਪਾਰਟੀ ਦੀ ਰਣਨੀਤੀ ਬਣਾਈ ਗਈ। ਪਾਰਟੀ ਨੇ ਆਉਂਦੇ ਦਿਨਾਂ ਵਿਚ ਇਸ ਮੁੱਦੇ ਨੂੰ ਪੂਰੇ ਜ਼ੋਰ ਸ਼ੋਰ ਨਾਲ ਚੁੱਕਣ ਦਾ ਫੈਸਲਾ ਕੀਤਾ ਏ।

---------------------------------------------------

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸੁਖਬੀਰ ਸਿੰਘ ਬਾਦਲ SYL ਦੇ ਸ਼ੁਰੂ ਹੋਏ ਨਵੇਂ ਵਿਵਾਦ ਨੂੰ ਲੈਕੇ, ਅੱਜ ਪਟਿਆਲਾ ਜ਼ਿਲੇ ਵਿਚ ਕਪੂਰੀ ਦੀ ਉਸ ਥਾਂ ਤੇ ਪਹੁੰਚੇ ਜਿੱਥੇ 8 ਅਪ੍ਰੈਲ 1982 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ, ਟੱਕ ਲਗਾਕੇ ਨਹਿਰ ਦਾ

ਨਿਰਮਾਣ ਸ਼ੁਰੂ ਕਰਵਾਇਆ ਸੀ। ਉਨਾਂ ਐਲਾਨ ਕੀਤਾ ਕਿ ਸਰਵੇਖਣ ਟੀਮਾਂ ਦਾ ਅਕਾਲੀ ਦਲ ਤੇ ਯੂਥ ਅਕਾਲੀ ਦਲ ਡਟਵਾਂ ਵਿਰੋਧ ਕਰੇਗਾ। ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ ਜੇਕਰ ਪੰਜਾਬ ਵਿਚ, ਓਹਨਾ ਦੀ ਸਰਕਾਰ ਬਣੀ ਤਾਂ ਰਾਜਸਥਾਨ  ਨੂੰ ਜਾਂਦੀਆਂ ਦੋਨੋ ਨਹਿਰਾਂ ਵੀ ਬੰਦ ਕਰ ਦਿੱਤੀਆਂ ਜਾਣਗੀਆਂ।

--------------------------------------------------------

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਏ ਕਿ ਸੂਬੇ ਦੇ ਹਸਪਤਾਲਾਂ ਵਿੱਚ ਬੱਚਿਆਂ ਦੀ ਸਿਹਤ ਸੰਭਾਲ ਵਾਂਗ ਹੀ, ਬਜ਼ੁਰਗਾਂ ਦੀ ਸਿਹਤ ਸੰਭਾਲ ਸਮੇਤ 'ਕ੍ਰਿਟੀਕਲ ਤੇ ਪੈਲੀਏਟਿਵ ਕੇਅਰ ਯੂਨਿਟ' ਵੀ ਸਥਾਪਤ ਹੋਣਗੇ। ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਕਮਿਉਨਿਟੀ ਮੈਡੀਸਨ ਵਿਭਾਗ ਵੱਲੋਂ, I .A .P- S.M. 16ਵੀਂ ਪੰਜਾਬ ਚੈਪਟਰ ਕਾਨਫਰੰਸ ਦਾ ਉਦਘਾਟਨ ਕਰਨ ਮੌਕੇ ਉਨਾਂ ਕਿਹਾ ਕਿ ਸੂਬੇ ਦੀਆਂ ਸੈਕੰਡਰੀ ਸਿਹਤ ਸੇਵਾਵਾਂ ਯੋਜਨਾ ਦੀ ਅਪਗ੍ਰੇਡੇਸ਼ਨ ਲਈ ਉਲੀਕੀ ਵਿਆਪਕ ਯੋਜਨਾ 'ਤੇ ਅਮਲ ਸ਼ੁਰੂ ਹੋ ਗਿਆ ਏ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਬਹੁਤ ਛੇਤੀ  ਸਿਹਤ ਸੇਵਾਵਾਂ ਦੇ ਖੇਤਰ ਵਿਚਲੀ ਕਰਾਂਤੀ ਦਾ ਗਵਾਹ ਬਣੇਗਾ। ਡਾ. ਬਲਬੀਰ ਸਿੰਘ ਨੇ ਸੂਬੇ ਦੇ ਮੈਡੀਕਲ ਕਾਲਜਾਂ ਵਿੱਚ ਮੈਡੀਕਲ ਸਿੱਖਿਆ ਤੇ ਸਿਹਤ ਦੇ

ਖੇਤਰ ਵਿੱਚ ਖੋਜਾਂ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਸੂਬੇ ਦੇ 95 ਫੀਸਦੀ ਲੋਕਾਂ ਦੀ ਸਿਹਤ ਦਾ ਖਿਆਲ ਰੱਖਦੇ ਨੇ।

--------------------------------------------------------------

ਹਰਿਆਣਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਪੰਜਾਬ ਦੇ ਇਤਹਾਸਿਕ, ਪੁਰਾਤਨ , ਅਧਿਆਤਮਿਕ ਅਤੇ ਵਿਗਿਆਨਕ ਸਥਾਨਾਂ ਦਾ ਵਿਦਿਅਕ ਟੂਰ ਕਰ ਰਹੇ ਨੇ । ਇਸੇ ਲੜੀ ਵਿਚ ਪੰਚਕੂਲਾ ਜ਼ਿਲੇ ਦੇ ਵਿਦਿਆਰਥੀ ਗਣਿਤ ਮਾਹਰ ਪਵਨ ਕੁਮਾਰ ਦੀ ਅਗਵਾਈ ਵਿਚ ਕਪੂਰਥਲਾ ਸਥਿਤ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਪਹੁੰਚੇ। ਸਾਇੰਸ ਸਿਟੀ ਵਿਖੇ ਵਿਦਿਆਰਥੀਆਂ ਨੇ ਵਿਗਿਆਨ ਖੇਤਰ ਖ਼ਾਸ ਤੌਰ ਤੇ ਪੁਲਾੜ ਬਾਰੇ ਬਾਰੀਕੀ ਨਾਲ ਜਾਣਕਾਰੀ ਲਈ। ਉਹਨਾਂ ਨੇ 12 ਫੁੱਟ ਦੇ ਦਿਲ ਦੇ ਮਾਡਲ, ਹੋਮੋ-ਡਾਇਲਸਿਸ, ਸੀਟੀ ਸਕੈਨ, ਪਾਰਦਰਸ਼ੀ ਮਨੁੱਖ ਦੇ ਥੀਏਟਰ, HIV ਏਡਜ਼ ਅਤੇ ਬਾਇਓਟੈਕ ਨਾਲ ਸੰਬੰਧਿਤ ਰੱਖੀਆਂ ਪ੍ਰਦਰਸ਼ਨੀਆਂ ਗੋਹ ਨਾਲ ਵੇਖਿਆਂ। ਭੂਚਾਲ ਵਾਲੇ ਸਿਮੂ-ਲੇਟਰ ਨੇ ਉਨਾਂ ਨੂੰ ਭੁਚਾਲ ਦੇ ਅਸਲੀ ਝਟਕਿਆਂ ਦਾ ਅਹਿਸਾਸ ਕਰਾਇਆ । ਡਾਇਨਾਸੋਰ ਪਾਰਕ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਕਾਫੀ ਜਾਣਕਾਰੀ ਵਾਲਾ ਰਿਹਾ । ਇਸ ਤੋਂ ਪਹਿਲਾਂ ਵਿਦਿਆਰਥੀਆਂ ਨੇ

ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ, ਜਲਿਆਂਵਾਲਾ ਬਾਗ਼ ਅਤੇ ਅਟਾਰੀ ਬਾਰਡਰ ਦਾ ਦੌਰਾ ਵੀ ਕੀਤਾ।

---------------------------------------------------------

**<u>ਆਖ਼ਿਰ ਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਏਸ਼ੀਆਈ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ ਸਿਰਜਿਆ ਇਤਿਹਾਸ, 28 ਸੋਨ ਤਗਮਿਆਂ ਸਮੇਤ ਹੁਣ ਤਕ 107 ਤਗਮੇ ਹਾਸਲ ਕੀਤੇ।
- ਰਾਸ਼ਟਰਪਤੀ ਦਰੌਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਖੇਡ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਸ਼ਾਨਦਾਰ ਪ੍ਰਦਰਸ਼ਨ ਲਈ ਖਿਡਾਰੀਆਂ ਨੂੰ ਦਿੱਤੀ ਵਧਾਈ।
- ਸਤਲੁਜ ਯਮੁਨਾ ਲਿੰਕ ਨਹਿਰ ਬਾਰੇ, ਪੰਜਾਬ ਸਰਕਾਰ ਦੇ ਸਟੈਂਡ ਖਿਲਾਫ ਪੰਜਾਬ BJP ਨੇ ਚੰਡੀਗੜ੍ਹ ਵਿਚ ਮੁਖ ਮੰਤਰੀ ਦੀ ਰਿਹਾਇਸ਼ ਵੱਲ ਕੀਤਾ ਰੋਸ ਮਾਰਚ।
- ਹਰਿਆਣਾ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਪੰਜਾਬ ਦੇ ਇਤਹਾਸਿਕ, ਪੌਰਾਣਿਕ, ਅਧਿਆਤਮਿਕ ਅਤੇ ਵਿਗਿਆਨਕ ਸਥਾਨਾਂ ਦਾ ਕਰ ਰਹੇ ਨੇ ਵਿਦਿਅਕ ਟੂਰ।

**<u>ਇਸਦੇ ਨਾਲ ਹੀ ਪ੍ਰਦੇਸ਼ਕ ਖ਼ਬਰਾਂ ਖ਼ਤਮ ਹੋਈਆਂ , ਨਮਸਕਾਰ !</u>**